ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ

(ਨੋਟਿਸ ਬੋਰਡ , ਈ-ਮੇਲ ਅਤੇ ਵੈੱਬਸਾਈਟ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),
ਸਮੂਹ ਜਿਲ੍ਹਾ ਨੋਡਲ ਅਫਸਰ,
ਪੰਜਾਬ।

ਮੀਮੋ ਨੰ: SCERT/50/2021-SDP-SCERT /254505/46-47/79-80
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 16-01-2024

**ਵਿਸ਼ਾ: Veer Gatha Project 3.0 ਅਧੀਨ ਨੈਸ਼ਨਲ ਪੱਧਰ ਦੇ 100 ਜੇਤੂ (SUPER 100) ਦੀ ਲੋੜੀਂਦੀ ਸੂਚਨਾ ਭੇਜਣ, ਰਾਜ ਅਤੇ ਜਿਲ੍ਹਾ ਪੱਧਰੀ ਨਤੀਜ਼ਾ ਘੋਸ਼ਿਤ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ Department of School Education & Literacy, Ministry of Education ਭਾਰਤ ਸਰਕਾਰ ਵੱਲੋਂ ਨੈਸ਼ਨਲ ਪੱਧਰ ਦੇ 100 ਜੇਤੂ (SUPER 100) ਦਾ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ, ਜੋ ਕਿ ਨਾਲ ਨੱਥੀ ਹੈ।

2.0 ਨੈਸ਼ਨਲ ਪੱਧਰ ਦੇ ਪਹਿਲੇ 100 ਜੇਤੂ (SUPER 100) ਦੇ ਨਤੀਜ਼ੇ ਵਿੱਚ ਪੰਜਾਬ ਰਾਜ ਦਾ ਇੱਕ ਵਿਦਿਆਰਥੀ ਪੈਰਾਗ੍ਰਾਫ ਲਿਖਣ ਮੁਕਾਬਲੇ ਅਧੀਨ ਚੁਣਿਆ ਗਿਆ ਹੈ ਜਿਸ ਦੇ ਵੇਰਵੇ ਨਿਮਨ ਅਨੁਸਾਰ ਹਨ ਜੀ:_

ਵਿਦਿਆਰਥੀ ਦਾ ਨਾਂ- ਕੇਸ਼ਵ ਸਾਹਨੀ,
ਕਲਾਸ- 10ਵੀਂ
ਕੈਟਾਗਿਰੀ – 9ਵੀਂ ਤੋਂ 10ਵੀਂ,
ਸਕੂਲ ਦਾ ਨਾਂ- ਸਹਸ ਮਹਿਤਪੁਰ (ਮੁੰਡੇ), ਜਲੰਧਰ

3.0 ਦੱਸਣਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਨੈਸ਼ਨਲ ਪੱਧਰ ਦੇ ਨਤੀਜੇ ਵਿੱਚ ਚੁਣੇ ਗਏ ਪਹਿਲੇ 100 ਜੇਤੂ ਗਣਤੰਤਰ ਦਿਵਸ ਦੇ ਮੌਕੇ ਤੇ ਦਿੱਲੀ ਜਾਣਗੇ।

4.0 Veer Gatha ਦੇ ਸੰਕਲਪ ਨੋਟ ਅਨੁਸਾਰ Department of School Education & Literacy, Ministry of Education ਭਾਰਤ ਸਰਕਾਰ ਵੱਲੋਂ ਨੈਸ਼ਨਲ ਪੱਧਰ ਦਾ ਨਤੀਜ਼ਾ ਘੋਸ਼ਿਤ ਕਰਨ

Scanned with OKEN Scanner

ਉਪਰੰਤ ਰਾਜ ਪੱਧਰੀ ਨਤੀਜਾ ਘੋਸ਼ਿਤ ਕੀਤਾ ਜਾਣਾ ਹੈ ਅਤੇ ਰਾਜ ਪੱਧਰੀ ਨਤੀਜਾ ਘੋਸ਼ਿਤ ਕਰਨ ਉਪਰੰਤ ਜਿਲ੍ਹਾ ਪੱਧਰੀ ਨਤੀਜਾ ਘੋਸ਼ਿਤ ਕੀਤਾ ਜਾਵੇਗਾ, ਕਿਉਂਕਿ ਰਾਜ ਪੱਧਰ ਦੇ ਨਤੀਜੇ ਵਿੱਚ ਨੈਸ਼ਨਲ ਪੱਧਰ ਦੇ ਜੇਤੂਆਂ ਨੂੰ ਅਤੇ ਜਿਲ੍ਹਾ ਪੱਧਰੀ ਨਤੀਜੇ ਵਿੱਚ ਰਾਜ ਪੱਧਰ ਦੇ ਜੇਤੂਆਂ ਨੂੰ ਸ਼ਾਮਿਲ ਨਹੀਂ ਕੀਤਾ ਜਾਣਾ ਹੈ। (ਸੰਕਲਪ ਨੋਟ ਨਾਲ ਨੱਥੀ ਹੈ)

5.0 ਇੱਥੇ ਇਹ ਵੀ ਦੱਸਣਯੋਗ ਹੈ ਕਿ ਨੈਸ਼ਨਲ ਪੱਧਰ ਤੇ 100 ਜੇਤੂ (SUPER 100), ਰਾਜ ਪੱਧਰ ਤੇ 08 ਜੇਤੂ (ਹਰੇਕ ਸ਼੍ਰੇਣੀ ਤੋਂ ਪਹਿਲੇ ਦੋ ਜੇਤੂ) ਅਤੇ ਜ਼ਿਲਾ ਪੱਧਰ ਤੇ 04 ਜੇਤੂ (ਹਰੇਕ ਸ਼੍ਰੇਣੀ ਤੋਂ ਇੱਕ ਜੇਤੂ) ਘੋਸ਼ਿਤ ਕੀਤੇ ਜਾਣਗੇ।

6.0 ਭਾਰਤ ਸਰਕਾਰ ਵੱਲੋਂ ਨੈਸ਼ਨਲ ਪੱਧਰ ਦੇ ਪਹਿਲੇ 100 ਜੇਤੂਆਂ ਦਾ ਨਤੀਜ਼ਾ ਘੋਸ਼ਿਤ ਕਰ ਦਿੱਤਾ ਗਿਆ ਹੈ ਜੋ ਕਿ ਨਾਲ ਨੱਥੀ ਹੈ।

7.0 ਨੈਸ਼ਨਲ ਪੱਧਰ ਦੇ ਨਤੀਜ਼ਾ ਘੋਸ਼ਿਤ ਕਰਨ ਉਪਰੰਤ ਰਾਜ ਪੱਧਰ ਤੇ 08 ਜੇਤੂਆਂ ਦਾ ਨਤੀਜ਼ਾ ਘੋਸ਼ਿਤ ਕੀਤਾ ਜਾ ਰਿਹਾ ਹੈ, ਜੋ ਕਿ ਨਾਲ ਨੱਥੀ ਹੈ।

8.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਆਪਣੇ ਜਿਲ੍ਹੇ ਦੇ ਨੈਸ਼ਨਲ ਪੱਧਰ ਅਤੇ ਰਾਜ ਪੱਧਰ ਦੇ ਜੇਤੂਆਂ ਨੂੰ ਸੂਚਿਤ ਕੀਤਾ ਜਾਵੇ ਅਤੇ ਲੜੀ ਨੰਬਰ 4.0 ਵਿੱਚ ਦਰਸਾਏ ਅਨੁਸਾਰ ਆਪਣੇ ਜਿਲ੍ਹੇ ਦੇ 04 ਜੇਤੂਆਂ (ਹਰੇਕ ਕੈਟਾਗਿਰੀ ਵਿੱਚੋਂ ਇੱਕ ਜੇਤੂ) ਦੀ ਚੋਣ ਕੀਤੀ ਜਾਵੇ ਅਤੇ ਜੇਤੂਆਂ ਦਾ ਨਤੀਜ਼ਾ ਘੋਸ਼ਿਤ ਕੀਤਾ ਜਾਵੇ।

9.0 ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਮੀ –
ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ. ਉਕਤ/48-51/81-84 ਮਿਤੀ:- ਐਸ.ਏ.ਐਸ. ਨਗਰ, 16-01-2024

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਪੀ.ਏ. ਟੂ ਡੀ.ਈ.ਐਸ.ਜੀ., ਪੰਜਾਬ,
4. ਪੀ.ਏ .ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ), ਪੰਜਾਬ।

Sunita Sud
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

Scanned with OKEN Scanner